**ਦਫ਼ਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

ਵੱਲ

ਸਮੂਹ ਸਕੂਲ ਮੁੱਖੀ/ਅੰਗ੍ਰੇਜ਼ੀ ਅਤੇ ਸ.ਸ. ਅਧਿਆਪਕ (ਵੈੱਬ ਸਾਈਟ ਰਾਹੀਂ)
ਸਰਕਾਰੀ ਮਿਡਲ/ਹਾਈ/ਸ.ਸੈਕੰਡਰੀ ਸਕੂਲ
ਪੰਜਾਬ।

ਮੀਮੋ ਨੰ: 2010/ਐਸ.ਐਸ.ਏ./ਏ.ਐਸ.ਪੀ.ਡੀ.(ਅੰਗ੍ਰੇਜ਼ੀ)/0096-99(E)
ਮਿਤੀ ਚੰਡੀਗੜ੍ਹ 15-12-10

**ਵਿਸ਼ਾ: ਅੰਗ੍ਰੇਜ਼ੀ ਵਰਕਬੁੱਕਸ ਦੀ ਵਰਤੋਂ ਸਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਵੱਲੋਂ ਸਮੂਹ ਜਿਲ੍ਹਿਆਂ ਦੇ ਮਿਡਲ/ਹਾਈ/ਸੈਕੰਡਰੀ ਸਕੂਲਾਂ ਵਿੱਚ ਅੰਗ੍ਰੇਜ਼ੀ ਵਰਕਬੁੱਕਸ ਮੁਹੱਈਆਂ ਕਰਵਾਈਆਂ ਜਾਂ ਚੁੱਕੀਆਂ ਹਨ ਪਰ ਨਿਰੀਖਣ ਦੌਰਾਨ ਧਿਆਨ ਵਿੱਚ ਆਇਆ ਹੈ ਕਿ ਉਕਤ ਵਰਕਬੁੱਕਸ ਦੇ ਇਸਤੇਮਾਲ ਸਬੰਧੀ ਸਬੰਧਤ ਅਧਿਆਪਕਾਂ ਦੇ ਮਨਾ ਵਿੱਚ ਕੁੱਝ ਗਲਤ ਫਹਿਮੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਹਿੱਤ ਮੁੱਖ ਦਫ਼ਤਰ ਵੱਲੋਂ ਹੇਠ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ:

2.0 ਮਨੀਟਰਿੰਗ ਦੌਰਾਨ ਧਿਆਨ ਵਿੱਚ ਆਇਆ ਹੈ ਕਿ ਕੁੱਝ ਸਕੂਲਾਂ ਵਿੱਚ ਸਬੰਧਤ ਅਧਿਆਪਕਾ ਨੇ ਅੰਗ੍ਰੇਜ਼ੀ ਦੀਆਂ ਵਰਕਬੁੱਕਸ ਕਰਵਾਉਣੀਆਂ ਬੰਦ ਕਰ ਦਿੱਤੀਆਂ ਸਨ ਕਿਉਂਕਿ ਮੁਖ ਦਫ਼ਤਰ ਵੱਲੋਂ ਇੱਕ ਪੱਤਰ ਜਾਰੀ ਹੋਇਆ ਸੀ ਕਿ ਮੈਥ/ਸਾਇੰਸ ਦੀਆਂ ਵਰਕਬੁੱਕਸ ਸਿਲੇਬਸ ਖਤਮ ਹੋਣ ਉਪਰੰਤ ਕਰਵਾਈਆਂ ਜਾਣ। ਇਸ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਪੱਤਰ ਅੰਗ੍ਰੇਜ਼ੀ ਵਿਸ਼ੇ ਉੱਤੇ ਲਾਗੂ ਨਹੀਂ ਹੁੰਦਾ। ਇਸ ਲਈ ਅੰਗ੍ਰੇਜ਼ੀ ਦੀਆਂ ਵਰਕਬੁੱਕਸ ਨਿਯਮਤ ਤੌਰ ਤੇ ਕਰਵਾਈਆਂ ਜਾਣ।

3.0 ਉਕਤ ਮੈਨੂਅਲ ਮੁਤਾਬਕ ਵਿਦਿਆਰਥੀਆਂ ਦਾ ਸਿਲੇਬਸ ਮੱਧ ਨਵੰਬਰ ਤੱਕ ਪੂਰਾ ਹੋ ਜਾਂਦਾ ਹੈ। ਇਸ ਲਈ ਜੇਕਰ ਕਿਸੇ ਸਕੂਲ ਵਿੱਚ ਕਿਸੇਂ ਪ੍ਰਕਾਰ ਦੀ confusion ਦੇ ਕਾਰਨ ਵਰਕਬੁੱਕਸ ਦਾ ਕੰਮ ਪਿੱਛੇ ਰਹਿ ਵੀ ਜਾਂਦਾ ਹੈ ਤਾਂ ਉਹ ਮੱਧ ਨਵੰਬਰ ਤੋਂ ਬਾਅਦ ਰਿਵੀਜ਼ਨ ਦੇ ਸਮੇਂ ਦੌਰਾਨ ਪੂਰਾ ਕਰਵਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ:2010/ਐਸ.ਐਸ.ਏ./ਏ.ਐਸ.ਪੀ.ਡੀ.(ਅੰਗ੍ਰੇਜ਼ੀ)/0096-99(E) ਮਿਤੀ ਚੰਡੀਗੜ੍ਹ 15-12-10

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਇਸ ਦਫ਼ਤਰ ਦੀ ਵੈਬ ਸਾਈਟ ਰਾਹੀਂ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.), ਪੰਜਾਬ।
2. ਸਮੂਹ ਜਿਲ੍ਹਾ ਅੰਗ੍ਰੇਜ਼ੀ ਪ੍ਰੋਜੈਕਟ ਕੋਆਰਡੀਨੇਟਰ ਅਤੇ ਸਮੂਹ ਅੰਗ੍ਰੇਜ਼ੀ ਮਾਸਟਰ ਟ੍ਰੇਨਰਜ਼।
3. ਡੀ.ਐਮ.(ਐਮ.ਆਈ.ਐਸ.) ਐਸ.ਐਸ.ਏ. ਪੰਜਾਬ ਨੂੰ ਵੈਬਸਾਈਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**